**Punjabi**

**ਡੇਰਾਬਿਨ ਸਿਟੀ ਕੌਂਸਲ ਦਾ ਮੁੱਢਲੇ ਸਾਲਾਂ ਲਈ ਬੁਨਿਆਦੀ ਯੋਜਨਾ 2021-2041 ਦਾ ਖਰੜਾ: ਇੱਕ ਝਾਤ**

ਕੌਂਸਲ ਇੱਕ ਲੰਬੀ-ਮਿਆਦ ਦੀ ਯੋਜਨਾ ਵਿਕਸਤ ਕਰ ਰਹੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਡੇਰਾਬਿਨ ਵਿੱਚ ਅਜਿਹੀਆਂ ਇਮਾਰਤਾਂ ਅਤੇ ਖੁੱਲ੍ਹੇ ਸਥਾਨ ਹੋਣ, ਜਿਨ੍ਹਾਂ ਦੀ ਇਸਨੂੰ ਛੋਟੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵਧਣ-ਫੁੱਲਣ ਲਈ ਲੋੜੀਂਦੀਆਂ ਜ਼ਰੂਰੀ ਸੇਵਾਵਾਂ ਤੱਕ ਇੱਕ-ਸਮਾਨ ਪਹੁੰਚ ਪ੍ਰਦਾਨ ਕਰਵਾਉਣ ਲਈ ਲੋੜ ਹੈ। ਹੁਣ ਅਸੀਂ ਮੁੱਢਲੇ ਸਾਲਾਂ ਲਈ ਬੁਨਿਆਦੀ-ਢਾਂਚਾ ਯੋਜਨਾ (Early Years Infrastructure Plan) ਦੇ ਖਰੜੇ ਬਾਰੇ ਭਾਈਚਾਰੇ ਅਤੇ ਮੁੱਢਲੇ ਸਾਲਾਂ ਲਈ ਸੇਵਾ ਪ੍ਰਦਾਨ ਕਰਨ ਵਾਲਿਆਂ ਕੋਲੋਂ ਪ੍ਰਤੀਕਰਮ (feedback) ਦੀ ਮੰਗ ਕਰ ਰਹੇ ਹਾਂ।

ਇਹ ਯੋਜਨਾ ਉਹਨਾਂ ਸੁਵਿਧਾਵਾਂ ਉੱਤੇ ਧਿਆਨ-ਕੇਂਦਰਿਤ ਕਰਦੀ ਹੈ ਜਿਨ੍ਹਾਂ ਦੀ ਡੇਰਾਬਿਨ ਨੂੰ 0-6 ਸਾਲ ਦੇ ਬੱਚਿਆਂ ਅਤੇ ਉਹਨਾਂ ਦੇ ਪਰਿਵਾਰਾਂ ਵਾਸਤੇ ਪ੍ਰਮੁੱਖ ਸੇਵਾਵਾਂ ਅਤੇ ਪ੍ਰੋਗਰਾਮ ਪ੍ਰਦਾਨ ਕਰਵਾਉਣ ਲਈ ਲੋੜ ਹੈ ਜਿਨ੍ਹਾਂ ਵਿੱਚ 'ਮੇਟਰਨਲ ਐਂਡ ਚਾਈਲਡ ਹੈਲਥ ਸਰਵਿਸਜ਼', ਕਿੰਡਰਗਾਰਟਨ, ਲੰਬੀ ਦੈਨਿਕ ਸੰਭਾਲ, ਕਦੇ-ਕਦਾਈਂ ਸੰਭਾਲ, ਖੇਡ-ਗਰੁੱਪ ਅਤੇ ਖਿਡੌਣਾ ਲਾਇਬ੍ਰੇਰੀਆਂ ਸ਼ਾਮਲ ਹਨ।

**ਨਿਰਦੇਸ਼ਕ ਸਿਧਾਂਤ** - ਫੈਸਲਾ ਕਰਨ ਵਿੱਚ ਸਹਾਇਤਾ ਕਰਨ ਲਈ ਯੋਜਨਾ ਵਿੱਚ ਹੇਠ ਲਿਖੇ ਸਿਧਾਂਤ ਸ਼ਾਮਲ ਹਨ:

- **ਬਰਾਬਰਤਾ** - ਇਹ ਯੋਗ ਬਣਾਉਣਾ ਕਿ ਸਾਰੇ ਬੱਚੇ ਅਤੇ ਪਰਿਵਾਰ ਵਧ-ਫੁੱਲ ਸਕਣ
- **ਪਹੁੰਚ** - ਉਹ ਸੁਵਿਧਾਵਾਂ ਜੋ ਸਾਰੇ ਬੱਚਿਆਂ ਅਤੇ ਪਰਿਵਾਰਾਂ ਲਈ ਪਹੁੰਚਯੋਗ ਹਨ
- **ਵਿਭਿੰਨਤਾ ਅਤੇ ਸ਼ਮੂਲੀਅਤ** - ਉਹ ਸੁਵਿਧਾਵਾਂ ਜੋ ਸਾਰਿਆਂ ਦਾ ਸਵਾਗਤ ਕਰਦੀਆਂ ਹਨ ਅਤੇ ਸਾਰਿਆਂ ਨੂੰ ਸ਼ਾਮਲ ਕਰਦੀਆਂ ਹਨ
- **ਚੋਣ** - ਪਰਿਵਾਰਾਂ ਨੂੰ ਉਹਨਾਂ ਸੇਵਾਵਾਂ ਦੀ ਚੋਣ ਕਰਨ ਦੇਣਾ ਜੋ ਉਹਨਾਂ ਲਈ ਸਭ ਤੋਂ ਵੱਧ ਢੁਕਵੀਆਂ ਹਨ
- **ਗੁਣਵੱਤਾ** - ਉੱਚ ਗੁਣਵੱਤਾ ਦੀਆਂ ਸੇਵਾਵਾਂ ਵਾਸਤੇ ਉੱਚ ਗੁਣਵੱਤਾ ਦੀਆਂ ਸੁਵਿਧਾਵਾਂ
- **ਏਕੀਕਰਨ** - ਸਹਿਯੋਗਕਾਰੀ ਅਤੇ ਏਕੀਕਿਰਤ ਸੇਵਾ ਦੀ ਵਿਵਸਥਾ ਦਾ ਸਮਰਥਨ ਕਰਨਾ
- **ਸਮੁੱਚੇ ਭਾਈਚਾਰੇ ਲਈ ਪਹੁੰਚ** - ਸਮੁੱਚੇ ਭਾਈਚਾਰੇ ਨੂੰ ਲਾਭ ਪ੍ਰਦਾਨ ਕਰਵਾਉਣਾ
- **ਭਾਈਚਾਰੇ ਨਾਲ ਗੱਲਬਾਤ ਕਰਨਾ** - ਭਾਈਚਾਰੇ ਦੇ ਦ੍ਰਿਸ਼ਟੀਕੋਣਾਂ ਤੋਂ ਸੇਧ ਲੈਣਾ
- **ਵਾਤਾਵਰਣ ਦੀ ਟਿਕਣਯੋਗਤਾ** - ਟਿਕਣਯੋਗ ਅਤੇ ਸਥਿਰ ਸੁਵਿਧਾਵਾਂ
- **ਕੁਦਰਤੀ ਵਾਤਾਵਰਨਾਂ ਤੱਕ ਪਹੁੰਚ** - ਬੱਚਿਆਂ ਨੂੰ ਕੁਦਰਤੀ ਮਾਹੌਲ ਵਿੱਚ ਖੇਡਣ ਅਤੇ ਸਿੱਖਣ ਦੇ ਯੋਗ ਬਣਾਉਣਾ
- **ਕਲਾਵਾਂ ਅਤੇ ਸਿਰਜਣਾਤਮਕ ਸੱਭਿਆਚਾਰ** - ਬੱਚਿਆਂ ਨੂੰ ਕਲਾਵਾਂ ਅਤੇ ਸੱਭਿਆਚਾਰ ਨਾਲ ਜੋੜਨਾ
- **ਆਰਥਿਕ ਵਿਕਾਸ** - ਸਾਡੇ ਨਿਵੇਸ਼ਾਂ ਤੋਂ ਸਮਾਜਕ, ਆਰਥਿਕ ਅਤੇ ਵਾਤਾਵਰਣਕ ਕੀਮਤਾਂ ਦੀ ਅਦਾਇਗੀ ਕਰਨਾ

**ਕਾਰਵਾਈਆਂ ਦਾ ਸਾਰਾਂਸ਼** - ਯੋਜਨਾ ਵਿੱਚ ਹੇਠ ਲਿਖੀਆਂ ਮੁੱਖ ਕਾਰਵਾਈਆਂ ਸ਼ਾਮਲ ਹਨ:

- ਯਕੀਨੀ ਬਣਾਉਣਾ ਕਿ ਮੌਜੂਦਾ ਮੁੱਢਲੇ ਸਾਲਾਂ ਦੀਆਂ ਸੁਵਿਧਾਵਾਂ ਨੂੰ ਸਰਵਉੱਚ ਪੱਧਰ ਤੱਕ ਵਰਤਿਆ ਜਾਂਦਾ ਹੈ, ਤਾਂ ਜੋ ਭਾਈਚਾਰੇ ਦੀ ਵਰਤੋਂ ਵਾਸਤੇ ਹੋਰ ਸੇਵਾਵਾਂ ਪ੍ਰਦਾਨ ਕਰਵਾਈਆਂ ਜਾ ਸਕਣ।
- ਕੌਂਸਲ ਦੀਆਂ ਮੌਜੂਦਾ ਮੁੱਢਲੇ ਸਾਲਾਂ ਦੀਆਂ ਸੁਵਿਧਾਵਾਂ ਵਿਖੇ ਕਾਰਜਾਤਮਕਤਾ ਮਸਲਿਆਂ ਨੂੰ ਹੱਲ ਕਰਨਾ।

- ਜਿੱਥੇ ਲੋੜ ਪੈਂਦੀ ਹੈ ਉਥੇ ਵਾਧੂ ਸਮਰੱਥਾ ਪ੍ਰਦਾਨ ਕਰਵਾਉਣ ਲਈ ਮੌਜੂਦਾ ਮੁੱਢਲੇ ਸਾਲਾਂ ਦੀਆਂ ਸੁਵਿਧਾਵਾਂ ਦਾ ਵਿਸਤਾਰ ਕਰਨਾ।
- ਜਿੱਥੇ ਸੰਭਵ ਹੋਵੇ ਉਥੇ ਮੁੱਢਲੇ ਸਾਲਾਂ ਸੰਬੰਧੀ ਸੇਵਾ ਦੀ ਅਦਾਇਗੀ ਵਾਸਤੇ ਕੌਂਸਲ ਦੀਆਂ ਹੋਰ ਜਾਇਦਾਦਾਂ ਦੇ ਉਦੇਸ਼ ਨੂੰ ਬਦਲਣਾ।
- ਜ਼ਿਆਦਾ ਮੰਗ ਵਾਲੇ ਇਲਾਕਿਆਂ ਵਿੱਚ ਨਵੀਆਂ ਕੌਂਸਲ ਸੁਵਿਧਾਵਾਂ ਦਾ ਨਿਰਮਾਣ ਕਰਨ ਦੀ ਯੋਜਨਾ ਬਣਾਉਣਾ, ਜਿਨ੍ਹਾਂ ਵਿੱਚ ਨਵੀਆਂ ਅੰਤਰ-ਪੀੜ੍ਹੀ ਹੱਬਾਂ ਅਤੇ ਮੁੱਢਲੇ ਸਾਲਾਂ ਵਾਲੀਆਂ ਹੱਬਾਂ (Early Years Hubs) ਸ਼ਾਮਲ ਹਨ।
- ਕਈ ਤਰ੍ਹਾਂ ਦੇ ਸਰਕਾਰੀ ਅਤੇ ਨਿੱਜੀ ਸਰੋਤਾਂ ਤੋਂ ਮੁੱਢਲੇ ਸਾਲਾਂ ਦੀਆਂ ਸੁਵਿਧਾਵਾਂ ਵਿੱਚ ਨਿਵੇਸ਼ ਦੀ ਅਦਾਇਗੀ ਕਰਨ ਲਈ ਵਕਾਲਤ ਅਤੇ ਭਾਈਵਾਲੀ ਦੀਆਂ ਰਣਨੀਤੀਆਂ ਅਪਣਾਉਣਾ।
- ਮੇਟਰਨਲ ਐਂਡ ਚਾਈਲਡ ਹੈਲਥ (MCH) ਟਿਕਾਣਿਆਂ ਨੂੰ ਇਕੱਠਾ ਕਰਨਾ ਤਾਂ ਜੋ ਸਾਰੀਆਂ MCH ਸੇਵਾਵਾਂ ਦੋ-ਕਮਰੇ ਦੀਆਂ ਸੁਵਿਧਾਵਾਂ ਵਿੱਚ ਸਥਿਤ ਹੋਣ ਅਤੇ ਹੋਰ ਸੇਵਾਵਾਂ ਨਾਲ ਏਕੀਕਿਰਤ ਹੋਣ।
- ਕਦੇ-ਕਦਾਈਂ ਵਾਲੀ ਸੰਭਾਲ ਵਾਸਤੇ ਮੰਗ ਦੀ ਸਮੀਖਿਆ ਕਰਨਾ ਅਤੇ ਲੋੜ ਪੈਣ ’ਤੇ ਸਪਲਾਈ ਵਧਾਉਣ ਲਈ ਵਿਕਲਪਾਂ ਦੀ ਸ਼ਨਾਖਤ ਕਰਨਾ।
- ਖੇਡ-ਗਰੁੱਪ ਵਾਸਤੇ ਖਾਲੀ ਜਗ੍ਹਾਵਾਂ ਲਈ ਮੰਗ ਦੀ ਸਮੀਖਿਆ ਕਰਨਾ ਅਤੇ ਲੋੜ ਪੈਣ ’ਤੇ ਸਪਲਾਈ ਵਧਾਉਣ ਲਈ ਵਿਕਲਪਾਂ ਦੀ ਸ਼ਨਾਖਤ ਕਰਨਾ।
- ਖਿਡੌਣਾ ਲਾਇਬ੍ਰੇਰੀ (Toy Library) ਦੀ ਸਮੀਖਿਆ ਦੁਆਰਾ ਪਛਾਣੀਆਂ ਗਈਆਂ ਬੁਨਿਆਦੀ-ਢਾਂਚੇ ਦੀਆਂ ਲੋੜਾਂ ਨੂੰ ਹੱਲ ਕਰਨਾ।

ਕਿਰਪਾ ਕਰਕੇ www.yoursaydarebin.com.au/eyip ’ਤੇ ਇੱਕ ਔਨਲਾਈਨ ਸਰਵੇਖਣ ਪੂਰਾ ਕਰਕੇ ਖਰੜਾ ਯੋਜਨਾ ਵਿਚਲੇ ਸਿਧਾਂਤਾਂ ਅਤੇ ਕਾਰਵਾਈਆਂ ਬਾਰੇ ਆਪਣਾ ਪ੍ਰਤੀਕਰਮ (feedback) ਪ੍ਰਦਾਨ ਕਰੋ। ਆਪਣਾ ਪ੍ਰਤੀਕਰਮ 14 ਨਵੰਬਰ 2021 ਤੱਕ ਪ੍ਰਦਾਨ ਕਰਾਓ।

ਕੌਂਸਲ ਦੇ ਇਸ ਫੀਡਬੈਕ ਮੌਕੇ ਬਾਰੇ ਹੋਰ ਜਾਣਨ ਲਈ ਅਤੇ ਆਪਣੀ ਭਾਸ਼ਾ ਵਿੱਚ ਕਿਸੇ ਨਾਲ ਗੱਲ ਕਰਨ ਲਈ, ਕਿਰਪਾ ਕਰਕੇ 8470 8470 ’ਤੇ ਫੋਨ ਕਰੋ।